
medicare



# ਸਸਤੀਆਂ ਦਵਾਈਆਂ

## ਕਨਸੈਸ਼ਨ ਕਾਰਡ ਧਾਰਕਾਂ ਲਈ PBS ਸਹਿ-ਭੁਗਤਾਨ ਨਹੀਂ ਵਧੇਗਾ

1 ਜਨਵਰੀ 2025 ਤੋਂ, ਆਸਟ੍ਰੇਲੀਆ ਦੀ ਸਰਕਾਰ ਨੇ ਫਾਰਮਾਸਿਊਟੀਕਲ ਬੈਨੀਫਿਟਸ ਸਕੀਮ (PBS) ਵਿੱਚ ਸੂਚੀਬੱਧ ਦਵਾਈਆਂ ਲਈ ਕਾਮਨਵੈਲਥ ਕਨਸੈਸ਼ਨ ਕਾਰਡ ਧਾਰਕਾਂ ਦੁਆਰਾ ਅਦਾ ਕੀਤੀ ਜਾ ਸਕਣ ਵਾਲੀ ਵੱਧ ਤੋਂ ਵੱਧ ਕੀਮਤ ਨੂੰ ਬੰਨ੍ਹ ਦਿੱਤਾ ਹੈ। ਇਸ ਰੋਕ ਨੇ 2030 ਤੱਕ ਹਰੇਕ PBS ਦਵਾਈ ਦੀ ਕੀਮਤ  ਵੱਧ ਤੋਂ ਵੱਧ $7.70 ਤਕ ਸੀਮਤ ਕਰ ਦਿਤੀ ਹੈ, ਤਾਂ ਜੋ ਤੁਹਾਨੂੰ ਲੋੜੀਂਦੀਆਂ ਦਵਾਈਆਂ ਤੱਕ ਪਹੁੰਚ ਕਰਨ ਵਿੱਚ ਮਦਦ ਮਿਲ ਸਕੇ, ਪਰ ਇਸਦੇ ਨਾਲ ਹੀ ਕਿਸੇ ਵੀ ਲਾਗੂ ਪ੍ਰੀਮੀਅਮ ਦਾ ਭੁਗਤਾਨ ਕਰਨਾ ਪਵੇਗਾ।

### ਫਾਰਮਾਸਿਊਟੀਕਲ ਬੈਨੀਫਿਟਸ ਸਕੀਮ ਕੀ ਹੈ ?

PBS ਆਸਟ੍ਰੇਲੀਆ ਸਰਕਾਰ ਦਾ ਇੱਕ ਪ੍ਰੋਗਰਾਮ ਹੈ ਜੋ ਪਰਚੀ ਤੇ ਮਿਲਣ ਵਾਲੀਆਂ ਦਵਾਈਆਂ ਦੀ ਕੀਮਤ ‘ਤੇ ਸਬਸਿਡੀ ਦਿੰਦਾ ਹੈ ਤਾਂ ਜੋ ਉਨ੍ਹਾਂ ਨੂੰ ਹੋਰ ਕਿਫਾਇਤੀ ਬਣਾਇਆ ਜਾ ਸਕੇ।

ਹਰੇਕ ਨੁਸਖ਼ੇ ਲਈ ਤੁਸੀਂ ਵੱਧ ਤੋਂ ਵੱਧ ਜਿਸ ਰਕਮ ਦਾ ਭੁਗਤਾਨ ਕਰਦੇ ਹੋ ਉਸਨੂੰ PBS ਮਰੀਜ਼ ਸਹਿ-ਭੁਗਤਾਨ ਕਿਹਾ ਜਾਂਦਾ ਹੈ, ਜਿਸ ਵਿੱਚ ਸਰਕਾਰ ਦਵਾਈ ਦੀ ਬਾਕੀ ਕੀਮਤ ਅਦਾ ਕਰਦੀ ਹੈ। ਸਹਿ-ਭੁਗਤਾਨ ‘ਤੇ ਵਾਧੇ ਵਿੱਚ ਰੋਕ ਦਾ ਮਤਲਬ ਹੈ ਕਿ ਤੁਹਾਡੀਆਂ PBS ਦਵਾਈਆਂ ਦੀ ਕੀਮਤ ਨਹੀਂ ਵਧੇਗੀ, ਇਸ ਲਈ ਜਦੋਂ ਤੁਹਾਡੀ ਸਿਹਤ ਦੇ ਸੰਭਾਲ ਕਰਨ ਦੀ ਗੱਲ ਆਉਂਦੀ ਹੈ ਤਾਂ ਤੁਸੀਂ ਨਿਸ਼ਚਿੰਤ ਰਹੋਗੇ।

### PBS ਸਹਿ-ਭੁਗਤਾਨ ਵਾਧੇ ਵਿੱਚ ਰੋਕ ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ

#### ਪੈਨਸ਼ਨਰਾਂ ਅਤੇ ਕਾਮਨਵੈਲਥ ਕਨਸੈਸ਼ਨ ਕਾਰਡ ਧਾਰਕਾਂ ਲਈ

2030 ਤੱਕ PBS ਪਰਚੀ ਲਈ ਰਿਆਇਤੀ (ਕਨਸੈਸ਼ਨਲ) ਸਹਿ-ਭੁਗਤਾਨ $7.70, ਜਮ੍ਹਾਂ ਕੋਈ ਵੀ ਲਾਗੂ ਪ੍ਰੀਮੀਅਮ ਲਾਗੂ ਰਹੇਗਾ। ਇਹ ਉਹਨਾਂ ਦਵਾਈਆਂ ‘ਤੇ ਲਾਗੂ ਨਹੀਂ ਹੁੰਦਾ ਜੋ PBS ‘ਤੇ ਸੂਚੀਬੱਧ ਨਹੀਂ ਹਨ।

#### ਵਿਕਲਪਿਕ $1 ਦੀ ਛੋਟ

ਫਾਰਮਾਸਿਸਟ ਵਲੋਂ PBS ਦਵਾਈਆਂ ਦੀ ਕੀਮਤ ‘ਤੇ ਦੇਣ ਵਾਲੀ $1 ਦੀ ਵਿਕਲਪਿਕ ਛੋਟ ਨੂੰ 1 ਜਨਵਰੀ 2025 ਤੋਂ ਹੌਲੀ-ਹੌਲੀ ਘਟਾਇਆ ਜਾ ਰਿਹਾ ਹੈ, ਜਦੋਂ ਕਿ ਰਿਆਇਤੀ ਸਹਿ-ਭੁਗਤਾਨ ਵਿੱਚ ਵਾਧੇ ਨੂੰ ਬੰਦ ਕਰ ਦਿੱਤਾ ਗਿਆ ਹੈ। ਇਹ ਹਰ ਸਾਲ ਇੰਡੈਕਸੇਸ਼ਨ (ਸੂਚਕ) ਦੀ ਮਾਤਰਾ ਦੇ ਹਿਸਾਬ ਨਾਲ ਘਟੇਗਾ ਜੋ ਤੁਹਾਡੇ ਸਹਿ-ਭੁਗਤਾਨ ‘ਤੇ ਲਾਗੂ ਹੁੰਦੀ ਹੈ ਜਦੋਂ ਤੱਕ ਇਹ 2030 ਵਿੱਚ ਜ਼ੀਰੋ ਨਹੀਂ ਹੋ ਜਾਂਦਾ।

### ਇਹ ਕਿਵੇਂ ਪਤਾ ਲਗਾਇਆ ਜਾਵੇ ਕਿ ਤੁਹਾਡੀ ਪਰਚੀ ਵਾਲੀ ਦਵਾਈ PBS ਦੁਆਰਾ ਕਵਰ ਕੀਤੀ ਜਾਂਦੀ ਹੈ ਜਾਂ ਨਹੀਂ

ਤੁਹਾਡੀ ਪਰਚੀ ਵਾਲੀ ਦਵਾਈ PBS ‘ਤੇ ਹੈ ਜਾਂ ਨਹੀਂ ਇਸਦੀ ਜਾਂਚ ਕਰਨ ਦੇ 3 ਤਰੀਕੇ ਹਨ:

1. **ਆਪਣੇ ਡਾਕਟਰ ਜਾਂ ਫਾਰਮਾਸਿਸਟ ਨੂੰ ਪੁੱਛੋ ਕਿ ਕੀ ਤੁਹਾਡੀ ਦੱਸੀ ਗਈ ਦਵਾਈ PBS ‘ਤੇ ਸੂਚੀਬੱਧ ਹੈ।**
2. **ਜਾਂਚ ਕਰੋ ਕਿ ਕੀ ਤੁਹਾਡੇ ਪਰਚੀ ‘ਤੇ ‘PBS/RPBS’ (ਵੈਟਰਨਜ਼ ਲਈ ਰਿਪੈਟ੍ਰੀਏਸ਼ਨ ਫਾਰਮਾਸਿਊਟੀਕਲ ਬੈਨੀਫਿਟਸ ਸਕੀਮ) ਦਾ ਨਿਸ਼ਾਨ ਹੈ।**
3. **PBS ਵੈੱਬਸਾਈਟ ‘ਤੇ ਆਪਣੀ ਦਵਾਈ ਦੇ ਨਾਮ ਜਾਂ ਕਿਰਿਆਸ਼ੀਲ ਤੱਤ ਦੁਆਰਾ ਖੋਜ ਕਰੋ।**




Australian Government
Department of Health, Disability and Ageing

PBS
The Pharmaceutical Benefits Scheme

# ਸਸਤੀਆਂ ਦਵਾਈਆਂ

**ਕਨਸੈਸ਼ਨ ਕਾਰਡ ਧਾਰਕਾਂ ਲਈ PBS ਸਹਿ-ਭੁਗਤਾਨ ਨਹੀਂ ਵਧੇਗਾ**



## ਇਹ ਕਿਉਂ ਮਾਇਨੇ ਰੱਖਦਾ ਹੈ

PBS ‘ਤੇ ਸੂਚੀਬੱਧ ਦਵਾਈਆਂ ਦੀ ਮਰੀਜ਼ਾਂ ਵਲੋਂ ਦਿੱਤੀ ਜਾਣ ਵਾਲੀ ਵੱਧ ਤੋਂ ਵੱਧ ਕੀਮਤ 2030 ਤੱਕ ਨਹੀਂ ਵਧੇਗੀ। ਇਸ ਨਾਲ ਦਵਾਈਆਂ ਕਿਫਾਇਤੀ ਰਹਿਣਗੀਆਂ ਅਤੇ ਘਰੇਲੂ ਬਜਟ ‘ਤੇ ਦਬਾਅ ਘੱਟ ਹੋਵੇਗਾ, ਇਸ ਲਈ ਤੁਹਾਨੂੰ ਕੀਮਤ ਦੇ ਕਾਰਨ ਆਪਣੀ ਦਵਾਈ ਲੈਣ ਵਿੱਚ ਦੇਰੀ ਕਰਨ ਦੀ ਜ਼ਰੂਰਤ ਨਹੀਂ ਹੈ।

## ਆਪਣੇ ਫਾਰਮਾਸਿਸਟ ਨਾਲ ਦਵਾਈ ਦੀ ਲਾਗਤ ਬਾਰੇ ਗੱਲ ਕਰੋ

ਕੁਝ PBS-ਸੂਚੀਬੱਧ ਦਵਾਈਆਂ ਦੀ ਕੀਮਤ ਮਰੀਜ਼ ਵਲੋਂ ਕੀਤੇ ਜਾਣ ਵਾਲੇ ਸਹਿ-ਭੁਗਤਾਨ ਨਾਲੋਂ ਘੱਟ ਹੁੰਦੀ ਹੈ। ਇਹਨਾਂ ਦਵਾਈਆਂ ਦੀਆਂ ਕੀਮਤਾਂ ਇੱਕ ਫਾਰਮੇਸੀ ਤੋਂ ਦੂਜੀ ਫਾਰਮੇਸੀ ਵਿੱਚ ਵੱਖ-ਵੱਖ ਹੋ ਸਕਦੀਆਂ ਹਨ।

ਜੇਕਰ ਇੱਕੋ ਦਵਾਈ ਦੇ ਕਈ ਬ੍ਰਾਂਡ ਉਪਲਬਧ ਹਨ, ਤਾਂ ਕੀਮਤ ਵੱਖ-ਵੱਖ ਹੋ ਸਕਦੀ ਹੈ। ਵਧੇਰੇ ਮਹਿੰਗਾ ਬ੍ਰਾਂਡ ਚੁਣਨ ਨਾਲ ਤੁਹਾਡੇ ਜੇਬ ਵਿੱਚੋਂ ਹੋਣ ਵਾਲੇ ਖਰਚੇ ਵੱਧ ਸਕਦੇ ਹਨ।

ਜ਼ਿਆਦਾਤਰ ਮਾਮਲਿਆਂ ਵਿੱਚ, ਇੱਕ ਫਾਰਮੇਸੀ ਸਹਿ-ਭੁਗਤਾਨ ਤੋਂ ਵੱਧ ਪੈਸੇ ਨਹੀਂ ਲੈ ਸਕਦੀ, ਸਿਵਾਏ ਜਦੋਂ ਇੱਕ ਬ੍ਰਾਂਡ ਪ੍ਰੀਮੀਅਮ ਕਿਸੇ ਖਾਸ ਬ੍ਰਾਂਡ ਦੀ ਦਵਾਈ ‘ਤੇ ਲਾਗੂ ਹੁੰਦਾ ਹੈ।

ਤੁਹਾਡੀ ਦਵਾਈ ਦੇ ਖਰਚਿਆਂ ਦਾ ਪ੍ਰਬੰਧਨ ਕਰਨ ਲਈ ਤੁਹਾਡਾ ਫਾਰਮਾਸਿਸਟ ਸਲਾਹ ਦਾ ਇੱਕ ਚੰਗਾ ਸਰੋਤ ਹੈ। ਇੱਥੇ ਕੁਝ ਸਵਾਲ ਹਨ ਜੋ ਤੁਸੀਂ ਆਪਣੀ ਫਾਰਮੇਸੀ ਜਾਣ ਵੇਲੇ ਪੁੱਛ ਸਕਦੇ ਹੋ।

**“ਕੀ ਇਹ ਦਵਾਈ PBS ਵਿੱਚ ਸੂਚੀਬੱਧ ਹੈ?”**

ਸਾਰੀਆਂ ਦਵਾਈਆਂ PBS-ਸੂਚੀਬੱਧ ਨਹੀਂ ਹਨ, ਇਸ ਲਈ ਅਚਾਨਕ ਖਰਚਿਆਂ ਤੋਂ ਬਚਣ ਲਈ ਇਸਦੀ ਜਾਂਚ ਕਰਨਾ ਚੰਗਾ ਵਿਚਾਰ ਹੈ।

**“ਕੀ ਮੇਰੀ ਦੱਸੀ ਗਈ ਦਵਾਈ ਦੇ ਕੋਈ ਜੈਨੇਰਿਕ ਜਾਂ ਸਸਤੇ ਵਿਕਲਪ ਹਨ?”**

ਜੈਨੇਰਿਕ ਦਵਾਈਆਂ ਵਿੱਚ ਉਹੀ ਕਿਰਿਆਸ਼ੀਲ ਤੱਤ ਹੁੰਦੇ ਹਨ ਅਤੇ ਬ੍ਰਾਂਡ-ਨਾਮ ਵਾਲੀਆਂ ਦਵਾਈਆਂ ਵਾਂਗ ਹੀ ਇਲਾਜ ਸੰਬੰਧੀ ਲਾਭ ਪ੍ਰਦਾਨ ਕਰਦੇ ਹਨ ਪਰ ਇਹਨਾਂ ਦੀ ਕੀਮਤ ਘੱਟ ਹੋ ਸਕਦੀ ਹੈ।

**“ਮੇਰੀ ਦਵਾਈ ਲਈ ਉਪਲਬਧ ਬ੍ਰਾਂਡਾਂ ਦੀਆਂ ਕੀਮਤਾਂ ਵਿੱਚ ਕੀ ਅੰਤਰ ਹੈ?”**

ਫਾਰਮਾਸਿਸਟ ਤੁਹਾਨੂੰ ਦੱਸ ਸਕਦੇ ਹਨ ਕਿ ਕੀ ਕੋਈ ਵੱਖਰਾ ਬ੍ਰਾਂਡ ਘੱਟ ਕੀਮਤ ‘ਤੇ ਉਹੀ ਲਾਭ ਪ੍ਰਦਾਨ ਕਰਦਾ ਹੈ।

ਫਾਰਮਾਸਿਸਟ ਇਹ ਵੀ ਦੱਸ ਸਕਦੇ ਹਨ ਕਿ PBS ਸੇਫਟੀ ਨੈੱਟ ਕਿਵੇਂ ਕੰਮ ਕਰਦਾ ਹੈ ਅਤੇ ਤੁਸੀਂ ਆਪਣੀ ਦਵਾਈ ਦੇ ਖਰਚਿਆਂ ਦਾ ਕਿਵੇਂ ਹਿਸਾਬ ਰੱਖ ਸਕਦੇ ਹੋ। ਆਪਣੀ ਦਵਾਈ ਨੂੰ ਹੋਰ ਕਿਫਾਇਤੀ ਬਣਾਉਣ ਦੇ ਤਰੀਕਿਆਂ ਬਾਰੇ ਪੁੱਛਣ ਤੋਂ ਨਾ ਝਿਜਕੋ।

## ਬਚਤ ਕਰਨ ਦੇ ਹੋਰ ਤਰੀਕੇ

ਜੇਕਰ ਤੁਹਾਨੂੰ ਸਥਿਰ, ਪਰ ਨਿਰੰਤਰ ਰਹਿਣ ਵਾਲੀ ਸਿਹਤ ਸਮੱਸਿਆ ਹੈ, ਤਾਂ ਤੁਹਾਡੀ ਦਵਾਈ 60-ਦਿਨਾਂ ਦੀ ਪਰਚੀ ‘ਤੇ ਉਪਲਬਧ ਹੋ ਸਕਦੀ ਹੈ। ਇੱਕ ਪਰਚੀ ‘ਤੇ ਤੁਹਾਡੀ ਦਵਾਈ ਦੀ 60-ਦਿਨਾਂ ਦੀ ਸਪਲਾਈ ਦਾ ਮਤਲਬ ਹੈ ਫਾਰਮੇਸੀ ਵਿੱਚ ਘੱਟ ਵਾਰ ਜਾਣਾ - ਤੁਹਾਡਾ ਸਮਾਂ ਅਤੇ ਪੈਸਾ ਬਚਾਉਣਾ।

60-ਦਿਨਾਂ ਦੀਆਂ ਪਰਚੀਆਂ ਲਈ ਵੱਖੋ -ਵੱਖ PBS ਦਵਾਈਆਂ ਉਪਲਬਧ ਹਨ। ਆਪਣੇ ਡਾਕਟਰ ਨੂੰ ਪੁੱਛੋ ਕਿ ਕੀ ਤੁਹਾਡੀ ਦਵਾਈ ਸੂਚੀਬੱਧ ਹੈ।

## ਹੋਰ ਜਾਣਕਾਰੀ

**ਆਪਣੇ ਦਵਾਈ ਦੇ ਵਿਕਲਪਾਂ ਅਤੇ ਲਾਗਤਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਆਪਣੇ ਫਾਰਮਾਸਿਸਟ ਜਾਂ ਡਾਕਟਰ ਨਾਲ ਗੱਲ ਕਰੋ।**

**PBS ਰਿਆਇਤੀ ਸਹਿ-ਭੁਗਤਾਨ ਵਿੱਚ ਵਾਧੇ ‘ਤੇ ਰੋਕ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਕਿਵੇਂ ਮਦਦ ਕਰ ਸਕਦਾ ਹੈ, ਅਤੇ 60-ਦਿਨਾਂ ਦੀ ਦਵਾਈ ਵਾਲੀ ਪਰਚੀ ਬਾਰੇ ਹੋਰ ਜਾਣਕਾਰੀ ਲਈ, health.gov.au/cheapermedicines ‘ਤੇ ਜਾਓ।**



Australian Government
Department of Health, Disability and Ageing
PBS
The Pharmaceutical Benefits Scheme